Rajasthan Board of Secondary Education
Ajmer, Rajasthan

aglasem.com

# 8th Class Exam Question Paper

Punjabi

AGLASEM SCHOOLS

schools.aglasem.com

Aglasem Career
Aglasem Schools

नामांक Roll No.

| | | | | | | |
|---|---|---|---|---|---|---|
| | | | | | | |

No. of Questions – **25**

No. of Printed Pages – **4**

# UP-75-पंजाबी (T.L.)

## प्रारम्भिक शिक्षा पूर्णता प्रमाण-पत्र परीक्षा – 2017

## कक्षा – 8

# पंजाबी

## (THIRD LANGUAGE)

समय : **2.30** घण्टे ] [ पूर्णांक : **80**

**ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :**

(ੳ) **ਸਾਰੇ** ਪ੍ਰਸ਼ਨ ਕਰਨੇ ਜ਼ਰੂਰੀ ਹਨ ।

(ਅ) **ਸਾਰੇ** ਪ੍ਰਸ਼ਨਾਂ ਦੇ ਉੱਤਰ ਆਪਣੀ ਉੱਤਰ-ਪੁਸਤਿਕਾ ਵਿੱਚ ਲਿਖੋ ।

(ੲ) ਹਰੇਕ ਪ੍ਰਸ਼ਨ ਦੇ ਅੰਕ ਉਸਦੇ ਸਾਹਮਣੇ ਅੰਕਿਤ ਹਨ ।

**(1-6) :** ਹੇਠ ਲਿਖੇ ਪ੍ਰਸ਼ਨਾਂ ਦਾ ਕੋਈ **ਇੱਕ** ਸਹੀ ਉੱਤਰ ਲਿਖੋ :

1. 'ਹੋਲੀ ਦਾ ਗੀਤ' ਕਵਿਤਾ ਦੇ ਰਚਨਾਕਾਰ ਹਨ : **1**

(ੳ) ਸੁਰਜੀਤ ਰਾਮਪੁਰੀ (ਅ) ਧਨੀ ਰਾਮ ਚਾਤ੍ਰਿਕ

(ੲ) ਪ੍ਰੇਮ ਸਿੰਘ ਪ੍ਰੇਮ (ਸ) ਜਰਨੈਲ ਸਿੰਘ

2. ਨਾਂਵ ਦੀ ਥਾਂ ਤੇ ਵਰਤੇ ਜਾਣ ਵਾਲੇ ਸ਼ਬਦਾਂ ਨੂੰ ਕਹਿੰਦੇ ਹਨ : **1**

(ੳ) ਕਿਰਿਆ (ਅ) ਪੜਨਾਂਵ

(ੲ) ਵਿਸ਼ੇਸ਼ਣ (ਸ) ਕਾਰਕ

Aglasem Career Aglasem Schools



3. ਦਰੋਪਦੀ ਦਾ ਅਪਮਾਨ ਕਰਨ ਦੀ ਕੋਸ਼ਸ਼ ਕਿਸਨੇ ਕੀਤੀ : 1

(ੳ) ਅਰਜਨ ਨੇ (ਅ) ਯੁਧਿਸ਼ਟਰ ਨੇ

(ੲ) ਦੁਰਯੋਧਨ ਨੇ (ਸ) ਧ੍ਰਿਤਰਾਸ਼ਟਰ ਨੇ

4. 'ਹੇਮਕੁੰਟ' ਸ਼ਬਦ ਵਿਚ 'ਹੇਮ' ਸ਼ਬਦ ਦਾ ਕੀ ਅਰਥ ਹੈ : 1

(ੳ) ਪਾਣੀ (ਅ) ਸਰੋਵਰ

(ੲ) ਮਿੱਟੀ (ਸ) ਬਰਫ਼

5. ਕਿਰਪਾਲ ਸਿੰਘ ਪ੍ਰਸਿਧ ਸਨ : 1

(ੳ) ਚਿੱਤਰਕਾਰੀ ਲਈ (ਅ) ਸੰਗੀਤ ਲਈ

(ੲ) ਮੂਰਤੀ ਕਲਾ ਲਈ (ਸ) ਗੀਤਕਾਰੀ ਲਈ

6. 'ਠਾਣੇਦਾਰੀ' ਕਹਾਣੀ ਕਿਹੜੇ ਜਾਨਵਰ ਤੇ ਕੇਂਦਰਿਤ ਹੈ : 1

(ੳ) ਸ਼ੇਰ ਤੇ (ਅ) ਕੁੱਤੇ ਤੇ

(ੲ) ਬਿੱਲੀ ਤੇ (ਸ) ਬਾਂਦਰ ਤੇ

7. 'ਕੌਣ ਕਦੇ ਰੁਕਿਆ ਹੈ' ਕਵਿਤਾ ਦਾ ਕੇਂਦਰੀ ਭਾਵ ਲਿਖੋ । 3

8. ਦੁਨੀਆਂ ਦੁੱਖ-ਨਗਰੀ ਹੈ ਜਾਂ ਸੁੱਖ-ਨਗਰੀ ? ਆਪਣੇ ਸ਼ਬਦਾ ਵਿਚ ਬਿਆਨ ਕਰੋ ? 3

9. ਰਿਕਸ਼ੇ ਵਾਲਾ ਕੋਠੀ ਦੇ ਮਾਲਕਾਂ ਬਾਰੇ ਕੀ ਸੋਚਦਾ ਸੀ ? 3

10. ਪਿੰਡ ਦੇ ਲੋਕਾਂ ਨੂੰ ਨਕਲੀਏ ਕਿਸ ਤਰ੍ਹਾਂ ਹਸਾਉਂਦੇ ਸਨ ? ਕਵਿਤਾ ਦੇ ਅਧਾਰ ਤੇ ਲਿਖੋ । 3

11. 'ਗ਼ਰੀਬ ਨਿਵਾਜ਼' ਇਕਾਂਗੀ ਦੇ ਅਧਾਰ ਤੇ ਮਹਾਰਾਜਾ ਰਣਜੀਤ ਸਿੰਘ ਦੇ ਕੋਈ ਤਿੰਨ ਗੁਣ ਲਿਖੋ । 3

12. ਮਹਾਂਰਿਸ਼ੀ ਵਾਲਮੀਕ ਜੀ ਆਪਣੇ ਆਸ਼ਰਮ ਵਿੱਚ ਕਿਸ ਪ੍ਰਕਾਰ ਦੀ ਵਿੱਦਿਆ ਦੇਂਦੇ ਸਨ ? 3

13. 'ਰੱਬ ਨੂੰ ਨਾਂ ਮਾਰ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ । 4

14. 'ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ' ਨੇ ਕਿਹੜੇ-ਕਿਹੜੇ ਖੇਤਰ ਵਿਚ ਪ੍ਰਸਿੱਧੀ ਪ੍ਰਾਪਤ ਕੀਤੀ ਅਤੇ ਕਿਵੇਂ ? 4

15. ਸਾਡੀ ਭਾਰਤ ਵਾਸੀਆਂ ਦੀ ਆਪਸੀ ਸਾਂਝ ਦਾ ਕੀ ਆਧਾਰ ਹੈ ? ਆਪਣੇ ਸ਼ਬਦਾਂ ਵਿਚ ਲਿਖੋ । 4

Aglasem Career Aglasem Schools



16. ਹੇਠ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ : **1 + 1 + 1 + 1 = 4**

ਮੁਗ਼ਲ ਸਮਰਾਟ ਸ਼ਾਹ ਜਹਾਨ ਨੂੰ ਇਮਾਰਤਾਂ ਬਣਵਾਉਣ ਦਾ ਬੜਾ ਸ਼ੌਂਕ ਸੀ । ਤਾਜ ਮਹੱਲ ਉਸ ਦੀ ਸਭ ਤੋਂ ਵਧੀਆ ਇਮਾਰਤ ਕਹੀ ਜਾ ਸਕਦੀ ਹੈ । ਇਸਨੇ ਆਪਣੀ ਅਤਿ ਸੁੰਦਰ ਤੇ ਮਨਮੋਹਨੀ ਬੇਗਮ ਮੁਮਤਾਜ਼ ਦੀ ਯਾਦ ਵਿਚ ਇਹ ਇਮਾਰਤ ਭਾਰਤ ਦੇ ਆਗਰਾ ਸ਼ਹਿਰ ਵਿਚ ਬਣਵਾਈ । ਇਹ ਉਸਦੀ ਆਪਣੀ ਬੇਗਮ ਪ੍ਰਤੀ ਪਿਆਰ ਦੀ ਅਮਰ ਨਿਸ਼ਾਨੀ ਹੈ, ਜਿਸਨੂੰ ਹੁਣ ਤਕ ਦੇਸ਼-ਵਿਦੇਸ਼ ਦੇ ਬੇਸ਼ਮਾਰ ਸੈਲਾਨੀ ਵੇਖਣ ਆਉਂਦੇ ਹਨ ।

(ੳ) ਮੁਗ਼ਲ ਸਮਰਾਟ ਸ਼ਾਹ ਜਹਾਨ ਨੂੰ ਕੀ ਸ਼ੌਂਕ ਸੀ ?

(ਅ) ਸ਼ਾਹ ਜਹਾਨ ਦੁਆਰਾ ਬਣਵਾਈ ਸਭ ਤੋਂ ਵਧੀਆ ਇਮਾਰਤ ਕਿਹੜੀ ਹੈ ?

(ੲ) ਇਹ ਇਮਾਰਤ ਉਸਨੇ ਕਿਸ ਦੀ ਯਾਦ ਵਿਚ ਬਣਵਾਈ ?

(ਸ) ਇਹ ਇਮਾਰਤ ਭਾਰਤ ਦੇ ਕਿਹੜੇ ਸ਼ਹਿਰ ਵਿਚ ਬਣੀ ਹੋਈ ਹੈ ?

17. ਹੇਠ ਲਿਖੇ ਕਿਸੇ **ਇੱਕ** ਕਾਵਿ-ਟੋਟੇ ਦੀ ਵਿਆਖਿਆ ਕਰੋ : **4**

(ੳ) ਤੇਰੇ ਪ੍ਰਸ਼ਾਸਨ ਦੀ ਅੱਜ ਵੀ
ਲੋਕ ਪਾਉਂਦੇ ਨੇ ਕਹਾਣੀ
ਤੇਰੀ ਕਰਨੀ ਤੇਰੀ ਸ਼ਕਤੀ
ਕੌਣ ਹੈ ਇਹਨਾਂ ਦਾ ਸਾਨੀ ।

**ਜਾਂ**

(ਅ) ਇਸ ਟੱਕਰ ਵਿੱਚੋਂ ਉਪਜਦਾ,
ਇਹ ਗੜ-ਗੜ ਕਰਦਾ ਸ਼ੋਰ ।
ਅਤੇ ਨਾਲ ਏਸ ਦੇ ਨਿਕਲਦੀ
ਮੇਰੀ ਤੇਜ਼, ਤਿੱਖੀ ਲਿਸ਼ਕੋਰ ।

18. 'ਕਿਸੇ ਦੇਸ ਦੀ ਸਿਹਤ ਲਈ ਜੰਗਲਾ ਦਾ ਹੋਣਾ ਜ਼ਰੂਰੀ ਹੈ ।' ਇਸ ਕਥਨ ਦਾ ਕੀ ਭਾਵ ਹੈ ? ਆਪਣੇ ਸ਼ਬਦਾ ਵਿਚ ਲਿਖੋ । **4**

Aglasem Career
Aglasem Schools



19. ਵਾਕਾਂ ਵਿਚ ਵਰਤੋਂ ਕਰੋ : (ਕੋਈ **ਤਿੰਨ**) **1 + 1 + 1 = 3**

ਮੁਤਾਬਕ, ਤਰਕੀਬ, ਔਸਾਣ, ਬੰਧਨ, ਸ਼ਹੀਦੀ

20. ਲਿੰਗ ਬਦਲੋ : (ਕੋਈ **ਤਿੰਨ**) **1 + 1 + 1 = 3**

ਸੋਟਾ, ਕਾਕਾ, ਸਿਠਾਣੀ, ਮੋਰਨੀ, ਭੁੱਖਾ

21. (ੳ) ਵਚਨ ਬਦਲੋ : (ਕੋਈ **ਚਾਰ**) $\frac{1}{2}+\frac{1}{2}+\frac{1}{2}+\frac{1}{2} = 2$

ਗੰਦਾ, ਲੱਤ, ਮੈਂ, ਸੁੱਖ, ਰਾਜਾ, ਚਾਕੂ

(ਅ) ਵਿਰੋਧੀ ਸ਼ਬਦ ਲਿਖੋ : (ਕੋਈ **ਚਾਰ**) $\frac{1}{2}+\frac{1}{2}+\frac{1}{2}+\frac{1}{2} = 2$

ਹਨੇਰਾ, ਹਮਾਇਤ, ਅਸਲੀ, ਅਮੀਰ, ਆਸਤਕ, ਹਾਰ

22. 'ਅਤਿ' ਅਗੇਤਰ ਅਤੇ 'ਆਈ' ਪਛੇਤਰ ਨਾਲ ਦੋ-ਦੋ ਸ਼ਬਦ ਬਣਾਓ । **2 + 2 = 4**

23. ਨਾਂਵ ਦੀ ਪਰਿਭਾਸ਼ਾ ਦੱਸਦੇ ਹੋਏ, ਭੇਦਾਂ ਦੇ ਨਾਂ ਲਿਖੋ । **6**

24. ਤੁਸੀਂ ਸ੍ਰੀ ਗੰਗਾਨਗਰ ਦੇ ਰਹਿਣ ਵਾਲੇ ਕਮਲਜੀਤ ਸਿੰਘ ਹੋਂ, ਤੁਹਾਡੇ ਪਿਤਾ ਜੀ ਗਰੀਬ ਕਿਸਾਨ ਹਨ, ਘਰ ਦੀ ਮੰਦੀ ਹਾਲਤ ਦੱਸਦੇ ਹੋਏ ਆਪਣੇ ਸਕੂਲ ਦੇ ਮੁੱਖ ਅਧਿਆਪਕ ਜੀ ਨੂੰ ਫ਼ੀਸ ਮੁਆਫ਼ ਕਰਨ ਲਈ ਬਿਨੈ-ਪੱਤਰ ਲਿਖੋ । **6**

**ਜਾਂ**

ਤੁਹਾਨੂੰ ਪਿਛਲੀ ਰਾਤ ਤੋਂ ਤੇਜ਼ ਬੁਖਾਰ ਹੈ, ਇਹ ਕਾਰਨ ਆਪਣੇ ਸਕੂਲ ਦੇ ਮੁੱਖ ਅਧਿਆਪਕ ਜੀ ਨੂੰ ਦੱਸਦੇ ਹੋਏ ਛੁੱਟੀ ਲੈਣ ਲਈ ਬਿੱਨੈ-ਪੱਤਰ ਲਿਖੋ ।

25. ਕਿਸੇ **ਇਕ** ਵਿਸ਼ੇ ਤੇ ਲੇਖ ਲਿਖੋ । **6**

(ੳ) ਸੜਕ ਸੁਰੱਖਿਆ ਪ੍ਰਤੀ ਜਾਗ੍ਰਤੀ

(ਅ) ਦੀਵਾਲੀ

(ੲ) ਸ੍ਰੀ ਗੁਰੂ ਨਾਨਕ ਦੇਵ ਜੀ

(ਸ) 15 ਅਗਸਤ

---